# ਮੰਗ ਕਰੋ ਕਿ ਤੁਹਾਡੇ ਬੱਚੇ ਨੂੰ ਐੱਫ ਐੱਸ ਏ ਤੋਂ ਬਾਹਰ ਰੱਖਿਆ ਜਾਵੇ

**ਬ੍ਰਿਟਿਸ਼ ਕੋਲੰਬੀਆ ਟੀਚਰਜ਼ ਫੈਡਰੇਸ਼ਨ | 100–550 West 6th Avenue, Vancouver, BC V5Z 4P2**

ਪਿਆਰੇ ਮਾਪਿਉ,

ਸਾਲ ਦਾ ਉਹ ਸਮਾਂ ਫਿਰ ਆ ਗਿਆ ਹੈ ਜਦੋਂ ਬੀ ਸੀ ਭਰ ਵਿਚ ਗਰੇਡ 4 ਅਤੇ 7 ਦੇ ਵਿਦਿਆਰਥੀਆਂ ਨੂੰ ਸਰਕਾਰ ਵਲੋਂ ਲਾਜ਼ਮੀ ਫਾਉਂਡੇਸ਼ਨ ਸਕਿਲਜ਼ ਅਸੈੱਸਮੈਂਟ (ਐੱਫ ਐੱਸ ਏ) ਟੈੱਸਟ ਦਿੱਤੇ ਜਾਂਦੇ ਹਨ। ਇਸ ਸਾਲ, ਪਿਛਲੇ ਕਈ ਸਾਲਾਂ ਵਾਂਗ ਹੀ, ਟੀਚਰ ਤੁਹਾਨੂੰ ਬੇਨਤੀ ਕਰਦੇ ਹਨ ਕਿ ਤੁਸੀਂ ਆਪਣੇ ਬੱਚਿਆਂ ਨੂੰ ਇਨ੍ਹਾਂ ਟੈੱਸਟਾਂ ਤੋਂ ਬਾਹਰ ਰੱਖਣ ਦੀ ਮੰਗ ਕਰੋ।

ਐੱਫ ਐੱਸ ਏ ਟੈੱਸਟ ਤੁਹਾਡੇ ਬੱਚਿਆਂ ਦੇ ਨੰਬਰਾਂ ਵਿਚ ਨਹੀਂ ਗਿਣੇ ਜਾਂਦੇ ਅਤੇ ਉਹ ਵਿਦਿਆਰਥੀਆਂ ਦੀ ਸਿੱਖਣ ਵਿਚ ਜਾਂ ਟੀਚਰਾਂ ਦੀ ਪੜ੍ਹਾਉਣ ਵਿਚ ਮਦਦ ਨਹੀਂ ਕਰਦੇ। ਕੁਝ ਕੇਸਾਂ ਵਿਚ, ਉਹ ਬਿਨਾਂ ਕਿਸੇ ਅਸਲੀ ਪ੍ਰਾਪਤੀ ਦੇ ਬੇਲੋੜਾ ਬੋਝ ਪਾਉਂਦੇ ਹਨ। ਟੀਚਰ ਚਿਰਾਂ ਤੋਂ, ਫਰੇਜ਼ਰ ਇੰਸਟੀਚਿਊਟ ਨਾਂ ਦੇ ਇਕ ਵਿਚਾਰਧਾਰਕ "ਥਿੰਕ ਟੈਂਕ" ਵਲੋਂ ਸਕੂਲਾਂ ਨੂੰ ਨਾਵਾਜਬ ਤੌਰ 'ਤੇ ਅਤੇ ਅਢੁਕਵਾਂ ਦਰਜਾ ਦੇਣ ਲਈ ਇਨ੍ਹਾਂ ਟੈੱਸਟਾਂ ਅਤੇ ਅੰਕੜਿਆਂ ਦੀ ਦੁਰਵਰਤੋਂ ਕਰਨ ਬਾਰੇ ਫਿਕਰਮੰਦ ਰਹੇ ਹਨ।

ਸਕੂਲ ਇਲਾਕਿਆਂ ਦਾ ਇਕ ਦੂਜੇ ਨਾਲ ਮੁਕਾਬਲਾ ਕਰਨ ਲਈ ਕਿਸੇ ਵੀ ਇਕ ਟੈੱਸਟ ਦੀ ਵਰਤੋਂ ਨਹੀਂ ਕੀਤੀ ਜਾਣੀ ਚਾਹੀਦੀ। ਪਰ ਹਰ ਸਾਲ ਇਹ ਹੀ ਹੋ ਰਿਹਾ ਹੈ ਅਤੇ ਹੁਣ ਸਮਾਂ ਹੈ ਕਿ ਇਸ ਗੁਮਰਾਹ ਕਰਨ ਵਾਲੀ ਪ੍ਰੈਕਟਿਸ ਨੂੰ ਖਤਮ ਕਰਨ ਲਈ ਅਸੀਂ ਰਲ ਕੇ ਕੰਮ ਕਰੀਏ।



SerrNovik/iStock/Thinkstock

ਤੁਹਾਡੇ ਬੱਚਿਆਂ ਦੀ ਤਰੱਕੀ ਬਾਰੇ ਜਾਣਕਾਰੀ ਦਾ ਸਭ ਤੋਂ ਬਿਹਤਰ ਵਸੀਲਾ ਉਸ ਦੀ ਕਲਾਸ ਦੇ ਟੀਚਰ ਹਨ।

ਆਪਣੇ ਫਿਕਰਾਂ ਬਾਰੇ ਕਿਸੇ ਵੀ ਵੇਲੇ ਗੱਲ ਕਰਨ ਲਈ ਮੌਕੇ ਦਾ ਫਾਇਦਾ ਲਉ। ਤੁਹਾਡੇ ਬੱਚਿਆਂ ਦੇ ਟੀਚਰਾਂ ਨੂੰ ਮਦਦ ਕਰਕੇ ਖੁਸ਼ੀ ਹੋਵੇਗੀ।

ਬੀ ਸੀ ਦੇ ਟੀਚਰ, ਪੜ੍ਹਾਈ ਦੇ ਸਾਡੇ ਸਰਕਾਰੀ ਸਿਸਟਮ ਦਾ ਮੁਲਾਂਕਣ ਕਰਨ ਲਈ ਨਵੇਂ ਤਰੀਕਿਆਂ ਬਾਰੇ ਬੀ ਸੀ ਦੀ ਸਰਕਾਰ ਅਤੇ ਪੜ੍ਹਾਈ ਵਿਚ ਹਿੱਤ ਰੱਖਣ ਵਾਲੀਆਂ ਹੋਰ ਧਿਰਾਂ ਨਾਲ ਸਰਗਰਮੀ ਨਾਲ ਕੰਮ ਕਰ ਰਹੇ ਹਨ।

ਟੀਚਰ ਯਕੀਨ ਕਰਦੇ ਹਨ ਕਿ ਐੱਫ ਐੱਸ ਏ ਬੀ ਸੀ ਦੇ ਸਕੂਲਾਂ ਅਤੇ ਵਿਦਿਆਰਥੀਆਂ ਲਈ ਸਹੀ ਤਰੀਕਾ ਨਹੀਂ ਹਨ। ਇਹ ਸਮਾਂ ਹੈ ਕਿ ਅਸੀਂ ਸਾਰੇ ਅਗਾਂਹ ਵਧੀਏ। ਆਉ ਸਾਲ 2017 ਨੂੰ, ਫਰੇਜ਼ਰ ਇੰਸਟੀਚਿਊਟ ਦੇ ਨੁਕਸਾਨਦੇਹ ਦਰਜੇ ਦੇਖਣ ਨੂੰ ਆਖਰੀ ਸਾਲ ਬਣਾਈਏ।

G. Han

ਗਲੈੱਨ ਹੈਨਸਨ, ਪ੍ਰੈਜ਼ੀਡੈਂਟ

**ਕਿਰਪਾ ਕਰਕੇ ਅੱਗੇ ਲਿਖੇ ਨੂੰ ਪਾੜੋ ਅਤੇ ਇਸ ਬੇਨਤੀ ਪੱਤਰ ਦੀ ਵਰਤੋਂ ਇਸ ਚੀਜ਼ ਲਈ ਕਰੋ ਕਿ ਤੁਹਾਡੇ ਗਰੇਡ 4 ਜਾਂ 7 ਦੇ ਬੱਚੇ ਨੂੰ ਜਨਵਰੀ ਅਤੇ ਫਰਵਰੀ 2017 ਵਿਚ ਹੋਣ ਵਾਲੇ ਐੱਫ ਐੱਸ ਏ ਟੈੱਸਟਾਂ ਤੋਂ ਬਾਹਰ ਰੱਖਿਆ ਜਾਵੇ।**

ਪਿਆਰੇ ਪ੍ਰਿੰਸੀਪਲ,

ਮੈਂ ਇਹ ਸਮਝਦਾ/ਸਮਝਦੀ ਹਾਂ ਕਿ ਮਾਪੇ, ਛੋਟਾਂ ਦੇ ਸਬੰਧ ਵਿਚ ਮਨਿਸਟਰੀ ਦੀਆਂ ਗਾਈਡਲਾਈਨਾਂ ਦੇ ਮੁਤਾਬਕ, ਪ੍ਰਿੰਸੀਪਲ ਨੂੰ ਇਹ ਕਹਿ ਸਕਦੇ ਹਨ ਕਿ ਕਿਸੇ ਵਿਦਿਆਰਥੀ ਨੂੰ ਪਰਿਵਾਰਕ ਐਮਰਜੰਸੀ, ਲੰਬੀ ਬੀਮਾਰੀ, ਜਾਂ ਹੋਰ ਵਾਜਬ ਹਾਲਤਾਂ ਕਰਕੇ ਛੋਟ ਦਿੱਤੀ ਜਾਵੇ।

ਕਿਰਪਾ ਕਰਕੇ ਮੇਰੇ ਬੱਚੇ ________________________________ ਨੂੰ ਸਾਰੇ ਤਿੰਨ ਫਾਉਂਡੇਸ਼ਨ ਸਕਿਲਜ਼ ਅਸੈੱਸਮੈਂਟ (ਐੱਫ ਐੱਸ ਏ) ਟੈੱਸਟਾਂ ਤੋਂ ਛੋਟ ਦਿੱਤੀ ਜਾਵੇ।

ਸਹਿਯੋਗ ਦੇਣ ਅਤੇ ਮੇਰੀ ਬੇਨਤੀ ਦਾ ਆਦਰ ਕਰਨ ਲਈ ਤੁਹਾਡਾ ਧੰਨਵਾਦ।

ਸੱਚੇ ਦਿਲੋਂ,

________________________________

ਮਾਪੇ/ਗਾਰਡੀਅਨ ਦੇ ਦਸਖਤ